BC Centre for Disease Control
Provincial Health Services Authority

STI/HIV Services 604.707.5600
Clinical Prevention Services 604.707.5604
655 West 12th Avenue bccdc.ca
Vancouver, BC V5Z 4R4 SmartSexResource.com

ਐਮੌਕਸੀਸਿਲਿਨ (AMOXICILLIN)

ਐਮੌਕਸੀਸਿਲਿਨ ਇੱਕ ਐਂਟੀਬਾਇਟਿਕ ਹੈ ਜਿਸ ਨੂੰ ਕੁਝ ਜਿਨਸੀ ਰੋਗਾਂ ਦੇ ਟ੍ਰੀਟਮੈਂਟ ਲਈ ਮੂੰਹ ਰਾਹੀਂ ਲਿਆ ਜਾਂਦਾ ਹੈ।

ਐਲਰਜੀਆਂ (Allergies)

- ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ ਕਿ ਜੇ ਤੁਹਾਨੂੰ ਪੈਨਸਲੀਨ ਐਂਟੀਬਾਇਟਿਕ (ਜਿਵੇਂ ਕਿ ਐਮੌਕਸੀਸਿਲਿਨ, ਐਂਪੀਸਿਲਿਨ, ਕਲੋਐਕਸਾਸਿਲਿਨ, ਪੈਨਸਲੀਨ V-K, ਪੈਨਸੀਲਿਨ ਜੀ ਬੈਂਜ਼ਾਥਾਈਨ, ਪੈਨਸਲੀਨ ਜੀ ਸੋਡੀਅਮ, ਪਿਪੈਰਾਸਿਲਿਨ ਜਾਂ ਸੈਫਲੋਸਪੋਰੀਨ ਐਂਟੀਬਾਇਟਿਕ (ਜਿਵੇਂ ਕਿ ਸੇਫਾਡਰੌਕਸਿਲ, ਸੇਫਲੇਕਸੀਨ, ਸੀਫੈਕਟਰ, ਸੈਫਪਰੌਜ਼ਿਲ) ਤੋਂ ਐਲਰਜੀ ਹੈ।

ਗਰਭਅਵਸਥਾ ਅਤੇ ਦੁੱਧ ਚੁੰਘਾਉਣਾ (Pregnancy and Breast/Chest Feeding)

- ਐਮੌਕਸੀਸਿਲਿਨ ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਸਮੇਂ ਲਈ ਜਾ ਸਕਦੀ ਹੈ। ਪਰ ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਵਾਲੇ ਨਾਲ ਸਲਾਹ ਕਰੋ।

ਸਾਵਧਾਨ (CAUTION)

- ਐਮੌਕਸੀਸਿਲਿਨ ਦੀ ਆਖਰੀ ਖ਼ੁਰਾਕ ਤੋਂ 72 ਘੰਟੇ ਜਾਂ ਜ਼ਿਆਦਾ ਸਮੇਂ ਬਾਅਦ ਮੂੰਹ ਰਾਹੀਂ ਲਾਈਵ ਟਾਈਫ਼ਾਈਡ ਵੈਕਸੀਨ (ਵਿਵੋਟਿਫ਼) ਲੈ ਸਕਦੇ ਹੋ।
- ਦੂਜੀਆਂ ਦਵਾਈਆਂ ਉੱਪਰ ਪ੍ਰਭਾਵ: ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

ਮਾੜੇ ਪ੍ਰਭਾਵ (Side Effects)

- ਤੁਹਾਡੇ ਸਰੀਰ ਤੇ ਰੈਸ਼, ਸਿਰ ਦਰਦ, ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਜਾਂ ਉਲਟੀਆਂ ਹੋ ਸਕਦੀਆਂ ਹਨ
- ਜੇ ਤੁਹਾਡੇ ਵਿੱਚ ਐਲਰਜਿਕ ਰੀਐਕਸ਼ਨ ਦੇ ਹੇਠ ਲਿਖੇ ਲੱਛਣ ਹੋਣ ਤਾਂ ਤੁਰੰਤ ਮੈਡੀਕਲ ਸਹਾਇਤਾ ਹਾਸਲ ਕਰੋ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਚਿਹਰਾ, ਬੁੱਲ੍ਹ, ਜੀਭ ਅਤੇ ਗ਼ਲਾ ਸੁੱਜਣਾ।

ਦਵਾਈ ਲੈਣ ਲਈ ਨਿਰਦੇਸ਼ (Instructions for Taking)

- ਦਵਾਈ ਜਦ ਤੱਕ ਖ਼ਤਮ ਨਹੀਂ ਹੁੰਦੀ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਗੈਰ ਲਵੋ। ਖੁਰਾਕ ਬਾਰੇ ਆਪਣੇ ਸਿਹਤ ਸੰਭਾਲ ਕਰਨ ਵਾਲੇ ਦੇ ਨਿਰਦੇਸ਼ਾਂ ਦੀ ਪਾਲਨਾ ਕਰੋ।
- ਜੇ ਤੁਸੀਂ ਇਕ ਖੁਰਾਕ ਭੁੱਲ ਜਾਓ ਤਾਂ ਜਦੋਂ ਯਾਦ ਆਵੇ ਲੈ ਲਵੋ ਪਰ ਜੇ ਦੂਜੀ ਖੁਰਾਕ ਦਾ ਸਮਾਂ ਨੇੜੇ ਹੋਵੇ ਤਾਂ ਫਿਰ ਦੂਜੀ ਖੁਰਾਕ ਹੀ ਸਮੇਂ ਸਿਰ ਲਵੋ। ਦੋ ਖੁਰਾਕਾਂ ਇਕੱਠੀਆਂ ਨਾ ਲਵੋ।

Last review by BCCDC Pharmacy: May 2025

ਸਾਂਭ ਸੰਭਾਲ ਲਈ ਨਿਰਦੇਸ਼ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਨਾ ਵਰਤੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

ਖਾਸ ਨਿਰਦੇਸ਼ (Special Instructions)

- ਉਦੋਂ ਤੱਕ ਸੰਭੋਗ ਨਾ ਕਰੋ ਜਦੋਂ ਤੱਕ:
    - ਤੁਹਾਨੂੰ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਸ ਬਾਰੇ ਸਲਾਹ ਨਹੀਂ ਦਿੱਤੀ ਜਾਂਦੀ,
      ਅਤੇ
    - ਤੁਹਾਡੇ ਮੌਜੂਦਾ ਸਾਥੀਆਂ ਦਾ ਟ੍ਰੀਟਮੈਂਟ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਬਾਅਦ ਤੱਕ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨੈਗੇਟਿਵ ਹੀ ਹੋਣ।

- ਜੇ ਤੁਸੀਂ ਕਿਸੇ ਐਸੇ ਸਾਥੀ ਨਾਲ ਸੈਕਸ ਕੀਤਾ ਜਿਸ ਦਾ ਇਲਾਜ ਨਹੀਂ ਹੋਇਆ ਜਾਂ ਤੁਹਾਡਾ ਅਤੇ ਜਾਂ ਤੁਹਾਡੇ ਸਾਥੀ ਦਾ ਇਲਾਜ ਪੂਰਾ ਨਹੀਂ ਸੀ ਹੋਇਆ ਤਾਂ ਤੁਹਾਨੂੰ ਆਪਣਾ ਇਲਾਜ ਦੁਬਾਰਾ ਕਰਵਾਉਣਾ ਪਵੇਗਾ। ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਗਲ ਬਾਤ ਕਰੋ।
- **ਰਾਜ਼ੀ ਹੋਣ ਦਾ ਟੈੱਸਟ:** ਜੇ ਤੁਹਾਡੇ ਸਿਹਤ ਸੰਭਾਲ ਕਰਨ ਵਾਲੇ ਨੇ ਕਲਮੇਡੀਆ ਜਾਂ ਸੁਜ਼ਾਕ ਦੇ ਇਲਾਜ ਲਈ ਐਮੋਕਸੀਸਿਲਿਨ ਦੀ ਸਿਫਾਰਸ਼ ਕੀਤੀ ਸੀ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ **ਤੁਸੀਂ ਇਲਾਜ ਪੂਰਾ ਹੋਣ ਤੋਂ 3–4 ਹਫ਼ਤਿਆਂ ਬਾਅਦ ਟੈੱਸਟ ਦੁਬਾਰਾ ਕਰਵਾਓ ਤਾਂ ਕਿ ਇਹ ਸੁਨਿਸ਼ਚਿਤ ਹੋ ਜਾਏ ਕਿ ਇਨਫੈਕਸ਼ਨ ਖ਼ਤਮ ਹੋ ਗਈ ਹੈ**।

ਜੇ ਮਨ ਵਿਚ ਕੋਈ ਸਵਾਲ ਹੈ ਜਾਂ ਹੋਰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਇਸ ਵੈੱਬਸਾਈਟ ਤੇ ਜਾਓ http://www.smartsexresource.com
ਜਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਮਿਲੋ।